ਮਿੱਠੇ ਬੱਚੇ:- ਚੇਤੰਨ ਅਵਸਥਾ ਵਿੱਚ ਰਹਿ ਬਾਪ ਨੂੰ ਯਾਦ ਕਰਨਾ ਹੈ, ਸੁੰਨ ਅਵਸਥਾ ਵਿੱਚ ਚਲੇ ਜਾਣਾ ਜਾਂ ਨੀਂਦ ਕਰਨਾ - ਇਹ ਕੋਈ ਯੋਗ ਨਹੀਂ ਹੈ”

ਪ੍ਰਸ਼ਨ:- ਤੁਹਾਨੂੰ ਅੱਖਾਂ ਬੰਦ ਕਰਕੇ ਬੈਠਣ ਲਈ ਮਨਾ ਕਿਉਂ ਕੀਤਾ ਜਾਂਦਾ ਹੈ?

ਉੱਤਰ:- ਜੇ ਤੁਸੀਂ ਅੱਖਾਂ ਬੰਦ ਕਰਕੇ ਬੈਠੋਗੇ ਤਾਂ ਦੁਕਾਨ ਦਾ ਸਾਰਾ ਸਮਾਨ ਚੋਰ ਚੋਰੀ ਕਰਕੇ ਲੈ ਜਾਵੇਗਾ। ਮਾਇਆ ਚੋਰ ਬੁੱਧੀ ਵਿੱਚ ਕੁਝ ਵੀ ਧਾਰਨ ਹੋਣ ਨਹੀਂ ਦਵੇਗੀ। ਅੱਖਾਂ ਬੰਦ ਕਰਕੇ ਯੋਗ ਵਿੱਚ ਬੈਠਣ ਨਾਲ ਨੀਂਦ ਆ ਜਾਵੇਗੀ। ਪਤਾ ਹੀ ਨਹੀਂ ਚੱਲੇਗਾ ਇਸ ਲਈ ਅੱਖਾਂ ਖੋਲ ਕੇ ਬੈਠਣਾ ਹੈ। ਕੰਮ ਕਾਜ ਕਰਦੇ ਬੁੱਧੀ ਨਾਲ ਬਾਪ ਨੂੰ ਯਾਦ ਕਰਨਾ ਹੈ ਇਸ ਵਿੱਚ ਹੱਠ ਯੋਗ ਦੀ ਗੱਲ ਨਹੀਂ ਹੈ।

ਓਮ ਸ਼ਾਂਤੀ। ਰੂਹਾਨੀ ਬਾਪ ਕਹਿੰਦੇ ਹਨ, ਇਹ ਵੀ ਬੱਚਾ ਹੈ ਨਾ। ਦੇਹਧਾਰੀ ਸਭ ਬੱਚੇ ਹਨ। ਤੇ ਰੂਹਾਨੀ ਬਾਪ ਆਤਮਾਵਾਂ ਨੂੰ ਕਹਿੰਦੇ ਹਨ, ਆਤਮਾ ਹੀ ਮੁੱਖ ਹੈ। ਇਹ ਤੇ ਚੰਗੀ ਰੀਤੀ ਸਮਝੋ। ਇੱਥੇ ਜੱਦ ਸਾਹਮਣੇ ਬੈਠਦੇ ਹੋ ਇਵੇਂ ਨਹੀਂ ਕਿ ਸ਼ਰੀਰ ਤੋਂ ਨਿਆਰੇ ਹੋ ਗੁੰਮ ਹੋ ਜਾਣਾ ਹੈ ਇਹ ਕੋਈ ਯਾਦ ਦੀ ਯਾਤਰਾ ਦੀ ਅਵਸਥਾ ਨਹੀਂ ਹੈ। ਇੱਥੇ ਤਾਂ ਸੁਜਾਗ ਹੋ ਬੈਠਣਾ ਹੈ। ਚਲੱਦੇ - ਫਿਰਦੇ, ਉਠਦੇ - ਬੈਠਦੇ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨਾ ਹੈ। ਬਾਪ ਇਵੇਂ ਨਹੀਂ ਕਹਿੰਦੇ ਇੱਥੇ ਬੈਠੇ ਬੇਹੋਸ਼ ਹੋ ਜਾਓ। ਇਵੇਂ ਬਹੁਤ ਬੈਠੇ - ਬੈਠੇ ਗੁਮ ਹੋ ਜਾਂਦੇ ਹਨ। ਤੁਹਾਨੂੰ ਤਾਂ ਸੁਜਾਗ ਹੋਕੇ ਬੈਠਣਾ ਹੈ ਅਤੇ ਫਿਰ ਪਵਿੱਤਰ ਵੀ ਬਣਨਾ ਹੈ। ਪਵਿੱਤਰਤਾ ਬਗੈਰ ਧਾਰਨਾ ਨਹੀਂ ਹੋਵੇਗੀ, ਕਿਸੇ ਦਾ ਕਲਿਆਣ ਨਹੀਂ ਕਰ ਸਕੋਗੇ, ਕਿਸੇ ਨੂੰ ਕਹਿ ਨਹੀਂ ਸਕੋਗੇ। ਖੁੱਦ ਪਵਿੱਤਰ ਰਹਿੰਦੇ ਨਹੀਂ ਤੇ ਦੂਜਿਆਂ ਨੂੰ ਕਹਿੰਦੇ ਹਨ, ਉਹ ਤਾਂ ਪੰਡਿਤ ਹੋ ਗਿਆ। ਮਿਆ ਮਿੱਠੂ ਵੀ ਨਹੀਂ ਬਣਨਾ ਹੈ, ਫਿਰ ਉਹ ਦਿਲ ਅੰਦਰ ਖਾਂਦਾ ਰਹੇਗਾ। ਇਵੇਂ ਨਾ ਸਮਝੋ ਕਿ ਅਸੀਂ ਸੁੰਨ ਹੋ ਜਾਂਦੇ ਹਾਂ। ਅੱਖਾਂ ਬੰਦ ਹੋ ਜਾਂਦੀਆਂ ਹਨ, ਇਹ ਕੋਈ ਯਾਦ ਦੀ ਅਵਸਥਾ ਨਹੀਂ ਹੈ, ਇਸ ਵਿੱਚ ਚੈਤੰਨ ਅਵਸਥਾ ਵਿੱਚ ਰਹਿ ਬਾਪ ਨੂੰ ਯਾਦ ਕਰਨਾ ਹੈ। ਨੀਂਦ ਕਰਨਾ ਕੋਈ ਯਾਦ ਕਰਨਾ ਥੋੜੀ ਹੈ। ਬੱਚਿਆਂ ਨੂੰ ਕੋਈ ਪੋਆਇੰਟਸ ਸਮਝਾਈ ਜਾਂਦੀ ਹੈ। ਸ਼ਾਸਤਰਾਂ ਵਿੱਚ ਵਿਖਾਇਆ ਗਿਆ ਹੈ - ਸੱਤਵੀ ਭੂਮੀ ਵਿੱਚ ਚਲੇ ਜਾਂਦੇ ਹਨ, ਉਨ੍ਹਾਂ ਨੂੰ ਦੁਨੀਆਂ ਦਾ ਪਤਾ ਨਹੀਂ ਪੈਂਦਾ ਹੈ। ਤੁਹਾਨੂੰ ਤਾਂ ਦੁਨੀਆਂ ਦਾ ਪਤਾ ਹੈ ਨਾ। ਇਹ ਛੀ - ਛੀ ਦੁਨੀਆਂ ਹੈ। ਬਾਪ ਨੂੰ ਕੋਈ ਜਾਣਦੇ ਨਹੀਂ ਹੈ। ਜੇ ਬਾਪ ਨੂੰ ਜਾਣਦੇ ਤਾਂ ਸ੍ਰਿਸ਼ਟੀ ਚੱਕਰ ਨੂੰ ਵੀ ਜਾਨ ਜਾਣ। ਬਾਪ ਦੱਸਦੇ ਹਨਕਿ ਚੱਕਰ ਕਿਵੇਂ ਫਿਰਦਾ ਹੈ। ਮਨੁੱਖ ਪੁਨਰਜਨਮ ਕਿਵੇਂ ਲੈਂਦੇ ਹਨ। ਸਤਿਯੁਗ ਵਿੱਚ ਭਾਵੇਂ ਵੱਡੀ ਉਮਰ ਹੋ ਜਾਂਦੀ ਹੈ ਪਰ ਬਦਸੂਰਤ ਨਹੀਂ ਹੋਣਗੇ। ਬਾਕੀ ਸੰਨਿਆਸੀਆਂ ਦਾ ਤਾਂ ਹੈ ਹੱਠ ਯੋਗ। ਅੱਖਾਂ ਬੰਦ ਕਰਨੀਆਂ, ਗੁਫ਼ਾਵਾਂ ਵਿੱਚ ਬੈਠੇ - ਬੈਠੇ ਬਦਸੂਰਤ ਬਣ ਜਾਣਾ... ਤੁਹਾਨੂੰ ਤਾਂ ਬਾਪ ਕਹਿੰਦੇ ਹਨ ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਸੁਜਾਗ ਰਹਿਣਾ ਹੈ। ਸੁੰਨ ਵਿੱਚ ਚਲੇ ਜਾਣਾ ਇਹ ਕੋਈ ਅਵਸਥਾ ਨਹੀਂ ਹੈ। ਧੰਧਾ ਆਦਿ ਵੀ ਕਰਨਾ ਹੈ, ਗ੍ਰਹਿਸਤ ਵਿਵਹਾਰ ਵੀ ਸੰਭਾਲਣਾ ਹੈ। ਸੁੰਨ ਵਿੱਚ ਨਹੀਂ ਜਾਣਾ ਹੈ। ਕੰਮ - ਕਾਜ ਕਰਦੇ ਬੁੱਧੀ ਨਾਲ ਬਾਪ ਨੂੰ ਯਾਦ ਕਰਨਾ ਹੈ। ਜ਼ਰੂਰ ਕੰਮ ਕਰਾਂਗੇ, ਅੱਖਾਂ ਖੋਲ੍ਹਕੇ ਕਰਾਂਗੇ ਨਾ। ਧੰਧਾ ਆਦਿ ਸਭ ਕੁਝ ਕਰਦੇ ਰਹੋ। ਬੁੱਧੀ ਯੋਗ ਬਾਪ ਦੇ ਨਾਲ ਹੋਵੇ। ਇਸ ਵਿੱਚ ਗ਼ਫ਼ਲਤ ਨਹੀਂ ਕਰਨੀ ਹੈ। ਦੁਕਾਨ ਤੇ ਬੈਠੇ ਅੱਖਾਂ ਬੰਦ ਹੋ ਜਾਣਗੀਆਂ ਤਾਂ ਕੋਈ ਸਮਾਨ ਹੀ ਲੈ ਜਾਣਗੇ ਅਤੇ ਪਤਾ ਵੀ ਨਹੀਂ ਚੱਲੇਗਾ। ਇਹ ਕੋਈ ਅਵਸਥਾ ਨਹੀਂ। ਅਸੀਂ ਦੇਹ ਤੋਂ ਨਿਆਰੇ ਹੋ ਜਾਂਦੇ ਹਾਂ ਇਹ ਸਭ ਹਠਯੋਗੀਆਂ ਦੀਆਂ ਗੱਲਾਂ ਹਨ। ਰਿਧੀ ਸਿਧੀ ਵਾਲੇ ਕਰਦੇ ਹਨ। ਬਾਪ ਤਾਂ ਚੰਗੀ ਤਰ੍ਹਾਂ ਬੈਠ ਸਮਝਾਉਂਦੇ ਹਨ, ਇਸ ਵਿੱਚ ਅੱਖਾਂ ਨਹੀਂ ਬੰਦ ਕਰਨੀਆਂ।

ਬਾਪ ਕਹਿੰਦੇ ਹਨ ਮਿੱਤਰ ਸਬੰਧੀਆਂ ਨੂੰ ਜੋ ਬੈਠ ਯਾਦ ਕਰਦੇ ਹੋ, ਉਹ ਸਭ ਭੁੱਲ ਜਾਵੋ। ਇੱਕ ਬਾਪ ਨੂੰ ਯਾਦ ਕਰਨਾ ਹੈ। ਸਿਵਾਏ ਯਾਦ ਦੀ ਯਾਤਰਾ ਦੇ ਪਾਪ ਕੱਟ ਨਹੀਂ ਸਕਦੇ। ਭੋਗ ਲੈ ਜਾਂਦੇ ਹਨ, ਗੁੰਮ ਹੋ ਜਾਂਦੇ ਹਨ ਸੂਖਸ਼ਮ ਵਤਨ ਵਿੱਚ। ਇਸ ਵਿੱਚ ਕੀ ਹੁੰਦਾ ਹੈ? ਜਿਤਨਾ ਸਮਾਂ ਉੱਥੇ ਹਾਂ ਵਿਕਰਮ ਵਿਨਾਸ਼ ਹੋ ਨਾ ਸਕਣ। ਸ਼ਿਵਬਾਬਾ ਨੂੰ ਯਾਦ ਕਰ ਨਾ ਸਕਣ। ਨਾ ਬਾਬਾ ਦੀ ਵਾਣੀ ਸੁਣ ਸਕਣਗੇ। ਤਾਂ ਘਾਟਾ ਪੈ ਜਾਂਦਾ ਹੈ। ਪਰੰਤੂ ਇਹ ਡਰਾਮੇ ਵਿੱਚ ਨੂੰਧ ਹੈ ਇਸ ਲਈ ਜਾਂਦੇ ਹਨ। ਫੇਰ ਆਕੇ ਮੁਰਲੀ ਸੁਣਦੇ ਹਨ ਇਸ ਲਈ ਬਾਬਾ ਕਹਿੰਦੇ ਹਨ ਜਾਓ, ਫੌਰਨ ਆਓ, ਬੈਠੋ ਨਹੀਂ। ਖੇਲ੍ਹਪਾਲ ਕਰਨਾ ਬਾਬਾ ਨੇ ਬੰਦ ਕਰ ਦਿੱਤਾ ਹੈ। ਇਹ ਵੀ ਘੁੰਮਣਾ ਫਿਰਣਾ ਰੁਲਣਾ ਹੋਇਆ ਨਾ। ਭਗਤੀ ਮਾਰਗ ਵਿੱਚ ਰੁਲਣਾ ਪਿੱਟਣਾ ਜ਼ਰੂਰ ਹੁੰਦਾ ਹੈ ਕਿਉਂਕਿ ਹਨ੍ਹੇਰਾ ਮਾਰਗ ਹੈ ਨਾ। ਮੀਰਾਂ ਧਿਆਨ ਵਿੱਚ ਬੈਕੁੰਠ ਵਿੱਚ ਚਲੀ ਜਾਂਦੀ ਸੀ। ਉਹ ਯੋਗ ਜਾਂ ਪੜ੍ਹਾਈ ਥੋੜ੍ਹੀ ਨਾ ਸੀ। ਕੀ ਉਸਨੇ ਸਦਗਤੀ ਨੂੰ ਪਾਇਆ? ਸ੍ਵਰਗ ਜਾਣ ਦੇ ਲਾਇਕ ਬਣੀ? ਜਨਮ - ਜਨਮਾਨਤ੍ਰ ਦੇ ਪਾਪ ਕੱਟੇ? ਬਿਲਕੁਲ ਨਹੀਂ। ਜਨਮ - ਜਨਮਾਨਤ੍ਰ ਦੇ ਪਾਪ ਤਾਂ ਬਾਪ ਦੀ ਯਾਦ ਨਾਲ ਹੀ ਕੱਟਦੇ ਹਨ। ਬਾਕੀ ਸਾਕਸ਼ਤਕਾਰ ਆਦਿ ਨਾਲ ਕੋਈ ਫ਼ਾਇਦਾ ਨਹੀਂ ਹੁੰਦਾ। ਇਹ ਤਾਂ ਸਿਰਫ਼ ਭਗਤੀ ਹੈ। ਨਾ ਯਾਦ ਹੈ, ਨਾ ਗਿਆਨ ਹੈ। ਭਗਤੀ ਮਾਰਗ ਵਿੱਚ ਇਹ ਸਿਖਾਉਣ ਵਾਲਾ ਕੋਈ ਹੁੰਦਾ ਹੀ ਨਹੀਂ ਤਾਂ ਸਦਗਤੀ ਨੂੰ ਵੀ ਪਾਉਂਦੇ ਨਹੀਂ। ਭਾਵੇਂ ਕਿੰਨਾ ਵੀ ਸਾਕਸ਼ਤਕਾਰ ਹੋਵੇ, ਸ਼ੁਰੂ ਵਿੱਚ ਤਾਂ ਬੱਚੀਆਂ ਆਪੇ ਹੀ ਚਲੀਆਂ ਜਾਂਦੀਆਂ ਸਨ। ਮੰਮਾ- ਬਾਬਾ ਥੋੜ੍ਹੀ ਨਾ ਜਾਂਦੇ ਸਨ। ਇਹ ਤਾਂ ਸ਼ੁਰੂ ਵਿੱਚ ਬਾਬਾ ਨੂੰ ਸਿਰਫ਼ ਸਥਾਪਨਾ ਅਤੇ ਵਿਨਾਸ਼ ਦਾ ਸਾਕਸ਼ਤਕਾਰ ਹੋਇਆ। ਪਿੱਛੋਂ ਤਾਂ ਕੁਝ ਨਹੀਂ ਹੋਇਆ। ਅਸੀਂ ਕਿਸੇ ਨੂੰ ਵੀ ਭੇਜਦੇ ਨਹੀਂ ਹਾਂ। ਹਾਂ, ਬਿਠਾ ਕਰ ਕਹਿ ਦਿੰਦੇ ਹਾਂ ਬਾਬਾ ਇਨ੍ਹਾਂ ਦੀ ਰੱਸੀ ਖਿੱਚੋ। ਉਹ ਵੀ ਡਰਾਮੇ ਵਿੱਚ ਹੋਵੇਗਾ ਤਾਂ ਰੱਸੀ ਖਿੱਚਣਗੇ, ਨਹੀਂ ਤਾਂ ਨਹੀਂ। ਸਾਕਸ਼ਤਕਾਰ ਤਾਂ ਢੇਰ ਹੁੰਦੇ ਹਨ। ਜਿਵੇਂ

ਸ਼ੁਰੂ ਵਿੱਚ ਬਹੁਤ ਸਾਕਸ਼ਤਕਾਰ ਕਰਦੇ ਸਨ, ਪਿਛਾੜੀ ਵਿੱਚ ਵੀ ਬਹੁਤ ਸਾਕਸ਼ਤਕਾਰ ਕਰਣਗੇ, ਮਰੂਆ ਮੌਤ ਮਲੂਕਾ ਸ਼ਿਕਾਰ … ਇੰਨੇ ਢੇਰ ਮਨੁੱਖ ਹਨ, ਉਹ ਸਭ ਸ਼ਰੀਰ ਛੱਡ ਦੇਣਗੇ। ਸ਼ਰੀਰ ਸਹਿਤ ਕੋਈ ਸਤਿਯੁਗ ਵਿੱਚ ਜਾਂ ਸ਼ਾਂਤੀਧਾਮ ਵਿੱਚ ਨਹੀਂ ਜਾਣਗੇ। ਕਿੰਨੇ ਢੇਰ ਮਨੁੱਖ ਹਨ, ਸਾਰੇ ਵਿਨਾਸ਼ ਨੂੰ ਪਾਉਣਗੇ। ਬਾਕੀ ਇੱਕ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਹੋ ਰਹੀ ਹੈ ਬ੍ਰਹਮਾ ਦੁਆਰਾ। ਤੁਸੀਂ ਬੱਚੀਆਂ ਪਿੰਡ - ਪਿੰਡ ਵਿੱਚ ਜਾਕੇ ਕਿੰਨੀ ਸਰਵਿਸ ਕਰਦੀਆਂ ਹੋ। ਇਹ ਹੀ ਕਹਿੰਦਿਆਂ ਹੋ ਕਿ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਸੰਨਿਆਸੀ ਤਾਂ ਰਾਜਯੋਗ ਸਿਖਾਉਣਾ ਜਾਣਦੇ ਨਹੀਂ। ਬਾਪ ਬਿਨਾਂ ਰਾਜਯੋਗ ਸਿਖਾਵੇ ਕੌਣ? ਤੁਹਾਨੂੰ ਬੱਚਿਆਂ ਨੂੰ ਬਾਪ ਹੁਣ ਰਾਜਯੋਗ ਸਿਖਲਾ ਰਹੇ ਹਨ। ਫੇਰ ਰਾਜਾਈ ਮਿਲ ਜਾਂਦੀ ਹੈ। ਤੁਸੀਂ ਅਪਾਰ ਸੁੱਖਾਂ ਵਿੱਚ ਰਹਿੰਦੇ ਹੋ। ਉੱਥੇ ਤਾਂ ਫੇਰ ਯਾਦ ਕਰਨ ਦੀ ਲੋੜ ਹੀ ਨਹੀਂ। ਰਿੰਚਕ ਵੀ ਦੁੱਖ ਨਹੀਂ ਹੁੰਦਾ ਹੈ। ਉੱਮਰ ਵੀ ਵੱਡੀ, ਕਾਇਆ ਵੀ ਨਿਰੋਗੀ ਹੁੰਦੀ ਹੈ। ਇੱਥੇ ਕਿੰਨੇ ਦੁੱਖ ਹਨ। ਇੰਵੇਂ ਨਹੀਂ ਬਾਪ ਨੇ ਦੁੱਖ ਦੇ ਲਈ ਹੀ ਖੇਲ੍ਹ ਰਚਿਆ ਹੈ। ਇਹ ਤਾਂ ਖੇਲ੍ਹ ਸੁੱਖ - ਦੁੱਖ ਹਾਰ ਜਿੱਤ ਦਾ ਆਦਿ ਅਨਾਦਿ ਹੈ। ਇਨ੍ਹਾਂ ਸਭ ਗੱਲਾਂ ਨੂੰ ਸੰਨਿਆਸੀ ਜਾਣਦੇ ਹੀ ਨਹੀਂ ਤਾਂ ਸਮਝਾ ਕਿਵੇਂ ਸਕਦੇ। ਉਹ ਤਾਂ ਭਗਤੀ ਮਾਰਗ ਦੇ ਸ਼ਾਸਤਰ ਆਦਿ ਪੜ੍ਹਨ ਵਾਲੇ। ਤੁਹਾਨੂੰ ਕਿਹਾ ਜਾਂਦਾ ਹੈ - ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਉਹ ਸੰਨਿਆਸੀ ਫੇਰ ਆਤਮਾ ਸਮਝ ਬ੍ਰਹਮ ਨੂੰ ਯਾਦ ਕਰਦੇ ਹਨ। ਬ੍ਰਹਮ ਨੂੰ ਪਰਮਾਤਮਾ ਸਮਝਦੇ ਹਨ, ਬ੍ਰਹਮ ਗਿਆਨੀ ਹਨ। ਅਸਲ ਵਿੱਚ ਬ੍ਰਹਮ ਹੈ ਰਹਿਣ ਦਾ ਸਥਾਨ। ਜਿੱਥੇ ਤੁਸੀਂ ਆਤਮਾਵਾਂ ਰਹਿੰਦੀਆਂ ਹੋ ਉਹ ਫੇਰ ਕਹਿੰਦੇ ਅਸੀਂ ਉਨ੍ਹਾਂ ਵਿੱਚ ਲੀਨ ਹੋਵਾਂਗੇ। ਉਨ੍ਹਾਂ ਦਾ ਗਿਆਨ ਹੀ ਸਾਰਾ ਉਲਟਾ ਹੈ। ਇੱਥੇ ਤਾਂ ਬੇਹੱਦ ਦਾ ਬਾਪ ਤੁਹਾਨੂੰ ਬੱਚਿਆਂ ਨੂੰ ਪੜ੍ਹਾਉਂਦੇ ਹਨ। ਉਹ ਕਹਿੰਦੇ ਭਗਵਾਨ 40 ਹਜ਼ਾਰ ਵਰ੍ਹਿਆਂ ਬਾਦ ਆਵੇਗਾ, ਇਸਨੂੰ ਕਿਹਾ ਜਾਂਦਾ ਹੈ ਅਗਿਆਨ ਹਨ੍ਹੇਰਾ। ਬਾਪ ਕਹਿੰਦੇ ਹਨ ਨਵੀਂ ਦੁਨੀਆਂ ਦੀ ਸਥਾਪਨਾ ਅਤੇ ਪੁਰਾਣੀ ਦੁਨੀਆਂ ਦਾ ਵਿਨਾਸ਼ ਕਰਨ ਵਾਲਾ ਤੇ ਮੈਂ ਹੀ ਹਾਂ। ਮੈਂ ਸਥਾਪਨਾ ਕਰ ਰਿਹਾ ਹਾਂ, ਵਿਨਾਸ਼ ਤਾਂ ਸਾਮਣੇ ਖੜ੍ਹਾ ਹੈ। ਹੁਣ ਜਲਦੀ ਕਰੋ। ਪਾਵਨ ਬਣੋ ਤਾਂ ਹੀ ਪਾਵਨ ਦੁਨੀਆਂ ਵਿੱਚ ਜਾਵਾਂਗੇ। ਇਹ ਤਾਂ ਪੁਰਾਣੀ ਤਮੋਪ੍ਰਧਾਨ ਦੁਨੀਆਂ ਹੈ। ਲਕਸ਼ਮੀ - ਨਾਰਾਇਣ ਦਾ ਰਾਜ ਥੋੜ੍ਹੀ ਨਾ ਹੈ। ਇਨ੍ਹਾਂ ਦਾ ਰਾਜ ਨਵੀਂ ਦੁਨੀਆਂ ਵਿੱਚ ਸੀ, ਹੁਣ ਨਹੀਂ ਹੈ। ਇਹ ਪੁਨਰਜਨਮ ਲੈਂਦੇ ਆਏ ਹਨ। ਸ਼ਾਸਤਰਾਂ ਵਿੱਚ ਤਾਂ ਕੀ - ਕੀ ਲਿਖ ਦਿੱਤਾ ਹੈ। ਕ੍ਰਿਸ਼ਨ ਨੂੰ ਵਿਖਾਇਆ ਹੈ ਅਰਜੁਨ ਦੀ ਘੋੜੇਗਾੜੀ ਵਿੱਚ ਬੈਠਾ ਹੈ। ਇੰਵੇਂ ਨਹੀਂ ਕਿ ਅਰਜੁਨ ਦੇ ਅੰਦਰ ਸ਼੍ਰੀਕ੍ਰਿਸ਼ਨ ਬੈਠਾ ਹੈ। ਸ਼੍ਰੀਕ੍ਰਿਸ਼ਨ ਤਾਂ ਦੇਹਧਾਰੀ ਸੀ ਨਾ, ਨਾ ਕੋਈ ਲੜ੍ਹਾਈ ਆਦਿ ਦੀ ਗੱਲ ਹੈ। ਉਨ੍ਹਾਂ ਨੇ ਤਾਂ ਪਾਂਡਵਾਂ ਅਤੇ ਕੌਰਵਾਂ ਦਾ ਲਸ਼ਕਰ ਵੱਖ - ਵੱਖ ਕਰ ਦਿੱਤਾ ਹੈ। ਇੱਥੇ ਤਾਂ ਉਹ ਗੱਲ ਨਹੀਂ। ਇਹ ਭਗਤੀ ਮਾਰਗ ਦੇ ਅਥਾਹ ਸ਼ਾਸਤਰ ਹਨ। ਸਤਿਯੁਗ ਵਿੱਚ ਇਹ ਹੁੰਦੇ ਨਹੀਂ। ਉੱਥੇ ਤਾਂ ਗਿਆਨ ਦੀ ਪ੍ਰਾਲਬੱਧ ਰਾਜਧਾਨੀ ਹੈ। ਉੱਥੇ ਸੁੱਖ ਹੀ ਸੁੱਖ ਹਨ। ਬਾਪ ਨਵੀਂ ਦੁਨੀਆਂ ਸਥਾਨ ਕਰਦੇ ਹਨ ਤਾਂ ਜ਼ਰੂਰ ਨਵੀਂ ਦੁਨੀਆਂ ਵਿੱਚ ਸੁੱਖ ਹੋਵੇਗਾ ਨਾ। ਬਾਪ ਕਦੇ ਪੁਰਾਣਾ ਮਕਾਨ ਬਣਾਉਂਦੇ ਹਨ ਕੀ! ਬਾਪ ਤਾਂ ਨਵਾਂ ਮਕਾਨ ਬਣਾਉਂਦੇ ਹਨ, ਉਸ ਦੁਨੀਆਂ ਨੂੰ ਹੀ ਸਤੋਪ੍ਰਧਾਨ ਦੁਨੀਆਂ ਕਿਹਾ ਜਾਂਦਾ ਹੈ। ਹੁਣ ਤਾਂ ਸਾਰੇ ਤਮੋਪ੍ਰਧਾਨ ਅਪਵਿੱਤਰ ਹਨ, ਪਰਾਏ ਰਾਵਣ ਰਾਜ ਵਿੱਚ ਬੈਠੇ ਹਨ।

ਰਾਮ ਤਾਂ ਕਿਹਾ ਜਾਂਦਾ ਹੈ ਸ਼ਿਵਬਾਬਾ ਨੂੰ, ਰਾਮ - ਰਾਮ ਕਹਿ ਰਾਮ ਨਾਮ ਦਾ ਦਾਨ ਦਿੰਦੇ ਹਨ। ਹੁਣ ਕਿੱਥੇ ਰਾਮ ਕਿੱਥੇ ਸ਼ਿਵਬਾਬਾ। ਹੁਣ ਸ਼ਿਵਬਾਬਾ ਤੁਹਾਨੂੰ ਬੱਚਿਆਂ ਨੂੰ ਕਹਿੰਦੇ ਹਨ ਮਾਮੇਕਮ ਯਾਦ ਕਰੋ। ਜਿਥੋਂ ਆਏ ਹੋ ਉੱਥੇ ਫੇਰ ਜਾਣਾ ਹੈ, ਜਦੋਂ ਤੱਕ ਬਾਪ ਨੂੰ ਯਾਦ ਕਰ ਪਵਿੱਤਰ ਨਹੀਂ ਬਣੋਗੇ ਤਾਂ ਵਾਪਿਸ ਵੀ ਜਾ ਨਹੀਂ ਸਕੋਗੇ। ਤੁਹਾਡੇ ਵਿੱਚ ਵੀ ਕੋਈ ਵਿਰਲੇ ਹਨ ਜੋ ਚੰਗੀ ਰੀਤੀ ਬਾਪ ਨੂੰ ਯਾਦ ਕਰਦੇ ਹਨ। ਮੂੰਹ ਨਾਲ ਤਾਂ ਕਹਿਣ ਦੀ ਗੱਲ ਨਹੀਂ। ਭਗਤੀ ਮਾਰਗ ਵਿੱਚ ਰਾਮ - ਰਾਮ ਮੂੰਹ ਨਾਲ ਕਹਿੰਦੇ ਹਨ। ਕੋਈ ਨਹੀਂ ਕਹੇਗਾ ਤਾਂ ਸਮਝਣਗੇ ਇਹ ਤਾਂ ਨਾਸਤਿਕ ਹਨ। ਕਿੰਨਾ ਆਵਾਜ਼ ਕਰਕੇ ਗਾਉਂਦੇ ਹਨ। ਜਿਨ੍ਹਾਂ ਝਾੜ ਵੱਡਾ ਹੁੰਦਾ ਹੈ, ਉਤਨੀ ਭਗਤੀ ਦੀ ਸਮੱਗਰੀ ਵੱਡੀ ਹੁੰਦੀ ਜਾਂਦੀ ਹੈ। ਬੀਜ ਕਿੰਨਾ ਛੋਟਾ ਹੁੰਦਾ ਹੈ। ਤੁਹਾਨੂੰ ਕੋਈ ਚੀਜ ਨਹੀਂ, ਕੋਈ ਆਵਾਜ਼ ਨਹੀਂ। ਸਿਰ੍ਫ ਕਹਿੰਦੇ ਹਨ - ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ। ਮੂੰਹ ਨਾਲ ਕਹਿਣਾ ਵੀ ਨਹੀਂ ਹੈ। ਲੌਕਿਕ ਬਾਪ ਨੂੰ ਵੀ ਬੱਚੇ ਬੁੱਧੀ ਨਾਲ ਯਾਦ ਕਰਦੇ ਹਨ। ਬਾਬਾ - ਬਾਬਾ ਬੈਠਕੇ ਕਹਿੰਦੇ ਥੋੜ੍ਹੀ ਨਾ ਹਨ। ਤੁਸੀਂ ਹੁਣ ਜਾਣਦੇ ਹੋ ਆਤਮਾਵਾਂ ਦਾ ਬਾਪ ਕੌਣ ਹੈ। ਆਤਮਾਵਾਂ ਤੇ ਸਾਰੀਆਂ ਭਰਾ - ਭਰਾ ਹਨ। ਆਤਮਾ ਦਾ ਹੋਰ ਕੋਈ ਨਾਮ ਨਹੀਂ। ਬਾਕੀ ਸ਼ਰੀਰ ਦਾ ਨਾਮ ਬਦਲਦਾ ਹੈ। ਆਤਮਾ ਤੇ ਆਤਮਾ ਹੀ ਹੈ। ਉਹ ਵੀ ਪ੍ਰਮਾਤਮਾ। ਉਨ੍ਹਾਂ ਦਾ ਨਾਮ ਹੈ ਸ਼ਿਵ। ਉਨ੍ਹਾਂਨੂੰ ਆਪਣਾ ਸ਼ਰੀਰ ਹੈ ਨਹੀਂ। ਬਾਪ ਕਹਿੰਦੇ ਹਨ ਮੈਨੂੰ ਵੀ ਜੇਕਰ ਸ਼ਰੀਰ ਹੁੰਦਾ ਤਾਂ ਪੁਨਰਜਨਮ ਵਿੱਚ ਆਉਣਾ ਪੈਂਦਾ। ਤੁਹਾਨੂੰ ਫੇਰ ਸਦਗਤੀ ਕੌਣ ਦਿੰਦਾ? ਭਗਤੀ ਮਾਰਗ ਵਿੱਚ ਮੈਨੂੰ ਯਾਦ ਕਰਦੇ ਹੋ। ਅਨੇਕ ਚਿੱਤਰ ਹਨ। ਹੁਣ ਤੁਸੀਂ ਨਰਕਵਾਸੀ ਤੋਂ ਸਵਰਗਵਾਸੀ ਬਣਦੇ ਹੋ ਨਾ। ਜਨਮ ਤਾਂ ਨਰਕ ਵਿੱਚ ਲਿਆ ਹੈ। ਮਰਾਂਗੇ ਸ੍ਵਰਗ ਦੇ ਲਈ। ਇੱਥੇ ਤੁਸੀਂ ਆਏ ਹੀ ਹੋ ਸ੍ਵਰਗ ਵਿੱਚ ਜਾਣ ਦੇ ਲਈ। ਜਿਵੇਂ ਕੋਈ ਬ੍ਰਿਜ ਆਦਿ ਬਣਾਉਂਦੇ ਹਨ, ਤਾਂ ਪਹਿਲੇ ਫਾਉਂਡੇਸ਼ਨ ਸੇਰੇਮਨੀ ਕਰ ਲੈਂਦੇ ਹਨ ਫੇਰ ਬ੍ਰਿਜ ਬਣਦੀ ਰਹਿੰਦੀ ਹੈ। ਸ੍ਵਰਗ ਦੀ ਸਥਾਪਨਾ ਦਾ ਉਦਘਾਟਨ (ਫਾਉਂਡੇਸ਼ਨ ਸੇਰੇਮਨੀ) ਬਾਪ ਨੇ ਕਰ ਲਿਆ ਹੈ, ਹੁਣ ਤਿਆਰੀ ਹੁੰਦੀ ਰਹਿੰਦੀ ਹੈ। ਮਕਾਨ ਬਣਨ ਵਿੱਚ ਟਾਈਮ ਲਗਦਾ ਹੈ ਕੀ? ਸਰਕਾਰ ਕਰਨ ਤੇ ਆਵੇ ਤਾਂ ਇੱਕ ਮਹੀਨੇ ਵਿੱਚ ਮਕਾਨ ਖੜ੍ਹਾ ਕਰ ਲਵੇ। ਵਿਲਾਇਤ ਵਿੱਚ ਤਾਂ ਮਕਾਨ ਤਿਆਰ ਮਿਲਦੇ ਹਨ। ਸ੍ਵਰਗ ਵਿੱਚ ਤਾਂ ਬਹੁਤ ਵਿਸ਼ਾਲ ਬੁੱਧੀ ਸਤੋਪ੍ਰਧਾਨ ਹੁੰਦੇ ਹਨ। ਸਾਇੰਸ ਦੀ ਬੁੱਧੀ ਤਿੱਖੀ ਹੁੰਦੀ ਹੈ। ਝਟ ਬਣਾਉਂਦੇ ਜਾਣਗੇ, ਮਕਾਨਾਂ ਵਿੱਚ ਜੜਤ ਵੀ ਹੁੰਦੀ ਜਾਵੇਗੀ। ਅੱਜਕਲ੍ਹ ਇਮਿਟੇਸ਼ਨ ਵੇਖੋ ਕਿੰਨਾ ਜਲਦੀ ਬਣਾਉਂਦੇ ਰਹਿੰਦੇ ਹਨ। ਉਹ ਤਾਂ ਫੇਰ ਰੀਅਲ ਤੋਂ ਵੀ ਜ਼ਿਆਦਾ ਚਮਕਦਾ ਹੈ। ਅਤੇ ਅੱਜਕਲ੍ਹ ਦੀ ਮਸ਼ੀਨਰੀ ਨਾਲ ਝਟ ਬਣਾ ਲੈਂਦੇ ਹਨ। ਉੱਥੇ ਮਕਾਨ ਬਣਨ ਵਿੱਚ ਦੇਰ ਨਹੀਂ ਲਗਦੀ, ਸਫਾਈ ਆਦਿ ਹੋਣ ਵਿੱਚ ਟਾਈਮ ਲਗਦਾ ਹੈ। ਇੰਵੇਂ ਨਹੀਂ ਕਿ ਸੋਨੇ ਦੀ ਦਵਾਰਕਾ ਸਮੁੰਦਰ ਵਿਚੋਂ ਨਿਕਲ ਆਵੇਗੀ। ਤਾਂ ਬਾਪ ਕਹਿੰਦੇ ਹਨ ਖਾਓ ਪਿਓ ਭਾਵੇਂ, ਸਿਰ੍ਫ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣ, ਹੋਰ ਕੋਈ ਉਪਾਏ ਨਹੀਂ। ਜਨਮ-ਜਨਮਾਨਤ੍ਰ ਇਹ ਗੰਗਾ ਸ਼ਨਾਣ ਆਦਿ ਕਰਦੇ ਆਏ ਹੀ ਲੇਕਿਨ ਕੋਈ ਵੀ ਮੁਕਤੀ- ਜੀਵਨਮੁਕਤੀ ਨੂੰ ਤੇ ਪਾਉਂਦੇ ਨਹੀਂ। ਇੱਥੇ ਤਾਂ ਬਾਪ

ਪਾਵਨ ਬਣਨ ਦੀ ਯੁਕਤੀ ਦਸਦੇ ਹਨ। ਬਾਪ ਕਹਿੰਦੇ ਹਨ ਮੈਂ ਹੀ ਪਤਿਤ ਪਾਵਨ ਹਾਂ। ਤੁਸੀਂ ਬੁਲਾਇਆ ਹੈ ਹੇ ਪਤਿਤ ਪਾਵਨ ਬਾਬਾ ਆਓ, ਆ ਕਰਕੇ ਸਾਨੂੰ ਪਾਵਨ ਬਣਾਓ। ਡਰਾਮਾ ਪੂਰਾ ਹੋਇਆ ਤਾਂ ਫੇਰ ਸਭ ਐਕਟਰਜ਼ ਸਟੇਜ਼ ਤੇ ਹੋਣੇ ਚਾਹੀਦੇ ਹਨ। ਕ੍ਰਿਏਟਰ ਵੀ ਹੋਣਾ ਚਾਹੀਦਾ ਹੈ। ਸਭ ਖੜ੍ਹੇ ਹੋ ਜਾਂਦੇ ਹਨ ਨਾ। ਇਹ ਵੀ ਅਜਿਹੇ ਹਨ। ਸਾਰੀਆਂ ਆਤਮਾਵਾਂ ਆ ਜਾਣਗੀਆਂ ਫੇਰ ਵਾਪਿਸ ਜਾਣਾ ਹੋਵੇਗਾ। ਹਾਲੇ ਤੁਸੀਂ ਤਿਆਰ ਨਹੀਂ ਹੋਏ ਹੋ। ਕਰਮਾਤੀਤ ਅਵਸਥਾ ਹੀ ਨਹੀਂ ਹੋਈ ਹੈ ਤਾਂ ਵਿਨਾਸ਼ ਕਿਵੇਂ ਹੋਵੇਗਾ। ਬਾਪ ਆਉਂਦੇ ਹੀ ਹਨ ਤੁਹਾਨੂੰ ਨਵੀਂ ਦੁਨੀਆਂ ਲਈ ਪੜ੍ਹਾਉਣ, ਉੱਥੇ ਕਾਲ ਹੁੰਦਾ ਹੀ ਨਹੀਂ। ਤੁਸੀਂ ਕਾਲ ਤੇ ਜਿੱਤ ਪਾਉਂਦੇ ਹੋ। ਕੌਣ ਜਿੱਤ ਪਹਿਨਾਉਂਦੇ ਹਨ? ਕਾਲਾਂ ਦਾ ਕਾਲ। ਉਹ ਕਿੰਨਿਆਂ ਨੂੰ ਨਾਲ ਲੈ ਜਾਂਦੇ ਹਨ। ਤੁਸੀਂ ਖੁਸ਼ੀ ਨਾਲ ਜਾਂਦੇ ਹੋ। ਹੁਣ ਬਾਪ ਆਏ ਹਨ ਸਭ ਦਾ ਦੁੱਖ ਦੂਰ ਕਰਨ ਇਸ ਲਈ ਉਨ੍ਹਾਂ ਦੀ ਮਹਿਮਾ ਗਾਉਂਦੇ ਹਨ, ਗਾਡ ਫਾਦਰ ਲਿਬਰੇਟ ਕਰੋ, ਦੁੱਖ ਤੋਂ। ਸ਼ਾਂਤੀਧਾਮ - ਸੁੱਖਧਾਮ ਵਿੱਚ ਲੈ ਚਲੋ। ਪਰੰਤੂ ਇਹ ਤਾਂ ਮਨੁੱਖਾਂ ਨੂੰ ਪਤਾ ਨਹੀਂ ਕਿ ਹੁਣ ਬਾਪ ਸ੍ਵਰਗ ਦੀ ਰਚਨਾ ਰਚ ਰਹੇ ਹਨ। ਤੁਸੀਂ ਸ੍ਵਰਗ ਵਿੱਚ ਜਾਵੋਗੇ ਉੱਥੇ ਝਾੜ ਬਹੁਤ ਛੋਟਾ ਹੋਵੇਗਾ ਫੇਰ ਵਾਧੇ ਨੂੰ ਪਵੇਗਾ। ਹੁਣ ਹੋਰ ਸਭ ਧਰਮ ਹਨ, ਉਹ ਇੱਕ ਧਰਮ ਹੈ ਨਹੀਂ। ਨਾਮ ਰੂਪ ਰਾਜਾਈ ਆਦਿ ਬਦਲ ਜਾਂਦੀ ਹੈ। ਪਹਿਲਾਂ ਡਬਲ ਤਾਜ, ਫੇਰ ਸਿੰਗਲ ਤਾਜ ਵਾਲੇ ਹੁੰਦੇ ਹਨ। ਸੋਮਨਾਥ ਦਾ ਮੰਦਿਰ ਬਣਾਇਆ ਹੈ , ਕਿੰਨਾ ਧਨ ਸੀ। ਸਭਤੋਂ ਵੱਡਾ ਮੰਦਿਰ ਇੱਕ ਹੈ ਜਿਸ ਨੂੰ ਲੁੱਟ ਕੇ ਲੈ ਗਏ। ਬਾਪ ਕਹਿੰਦੇ ਹਨ ਤੁਸੀਂ ਪਦਮਾਪਦਮ ਭਾਗਿਆਸ਼ਾਲੀ ਬਣਦੇ ਹੋ। ਕਦਮ - ਕਦਮ ਤੇ ਬਾਪ ਨੂੰ ਯਾਦ ਕਰਦੇ ਰਹੋ ਤਾਂ ਪਦਮ ਇਕੱਠੇ ਹੋਣਗੇ। ਇਤਨੀ ਕਮਾਈ ਬਾਪ ਨੂੰ ਯਾਦ ਕਰਨ ਨਾਲ ਹੁੰਦੀ ਹੈ। ਫੇਰ ਅਜਿਹੇ ਬਾਪ ਨੂੰ ਯਾਦ ਕਰਨਾ ਤੁਸੀਂ ਭੁੱਲਦੇ ਕਿਓਂ ਹੋ? ਜਿਨ੍ਹਾਂ ਬਾਪ ਨੂੰ ਯਾਦ ਕਰੋਗੇ ਸਰਵਿਸ ਕਰੋਗੇ ਓਨਾ ਉੱਚ ਪਦ ਪਾਵੋਗੇ। ਚੰਗੇ - ਚੰਗੇ ਬੱਚੇ ਚਲਦੇ - ਚਲਦੇ ਡਿੱਗ ਜਾਂਦੇ ਹਨ। ਕਾਲਾ ਮੂੰਹ ਕੀਤਾ ਤਾਂ ਕੀਤੀ ਕਮਾਈ ਚਟ ਹੋ ਜਾਂਦੀ ਹੈ। ਜਬਰਦਸਤੀ ਲਾਟਰੀ ਗਵਾ ਦਿੰਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਗ੍ਰਹਿਸਤ ਵਿਵਹਾਰ ਸੰਭਾਲਦੇ ਹੋਏ ਬੁੱਧੀ ਯੋਗ ਬਾਪ ਦੇ ਨਾਲ ਰੱਖਣਾ ਹੈ। ਗ਼ਫ਼ਲਤ ਨਹੀਂ ਕਰਨੀ ਹੈ। ਪਵਿੱਤਰਤਾ ਦੀ ਧਾਰਨਾ ਨਾਲ ਆਪਣਾ ਅਤੇ ਸਭ ਦਾ ਕਲਿਆਣ ਕਰਨਾ ਹੈ।

2. ਯਾਦ ਦੀ ਯਾਤਰਾ ਅਤੇ ਪੜ੍ਹਾਈ ਵਿੱਚ ਹੀ ਕਮਾਈ ਹੈ, ਧਿਆਨ ਦੀਦਾਰ ਤਾਂ ਘੁੰਮਣਾ ਹੈ ਇਸ ਲਈ ਉਸ ਤੋਂ ਕੋਈ ਫਾਇਦਾ ਨਹੀਂ। ਜਿਨ੍ਹਾਂ ਹੋ ਸਕੇ ਸੁਜਾਗ ਰਹੋ, ਬਾਪ ਨੂੰ ਯਾਦ ਕਰ ਆਪਣੇ ਵਿਕਰਮ ਵਿਨਾਸ਼ ਕਰਨੇ ਹਨ।

ਵਰਦਾਨ:- ਸ੍ਰੇਸ਼ਠ ਸਮ੍ਰਿਤੀ ਦਵਾਰਾ ਸ੍ਰੇਸ਼ਠ ਸਥਿਤੀ ਅਤੇ ਸ੍ਰੇਸ਼ਠ ਵਾਯੂਮੰਡਲ ਬਣਾਉਣ ਵਾਲੇ ਸਰਵ ਦੇ ਸਹਿਯੋਗੀ ਭਵ

ਯੋਗ ਦਾ ਅਰਥ ਹੈ ਸ੍ਰੇਸ਼ਠ ਸਮ੍ਰਿਤੀ ਵਿੱਚ ਰਹਿਣਾ। ਮੈਂ ਸ੍ਰੇਸ਼ਠ ਆਤਮਾ ਸ੍ਰੇਸ਼ਠ ਬਾਪ ਦਾ ਸੰਤਾਨ ਹਾਂ, ਜਦੋਂ ਅਜਿਹੀ ਸਮ੍ਰਿਤੀ ਰਹਿੰਦੀ ਹੈ ਤਾਂ ਸਥਿਤੀ ਸ੍ਰੇਸ਼ਠ ਹੋ ਜਾਂਦੀ ਹੈ। ਸ੍ਰੇਸ਼ਠ ਸਥਿਤੀ ਨਾਲ ਸ੍ਰੇਸ਼ਠ ਵਾਯੂਮੰਡਲ ਖੁਦ ਬਣਦਾ ਹੈ ਜੋ ਅਨੇਕ ਆਤਮਾਵਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਜਿੱਥੇ ਵੀ ਤੁਸੀਂ ਆਤਮਾਵਾਂ ਯੋਗ ਵਿੱਚ ਰਹਿਕੇ ਕਰਮ ਕਰਦੀਆਂ ਹੋ ਉੱਥੇ ਦਾ ਵਾਤਾਵਰਨ, ਵਾਯੂਮੰਡਲ ਹੋਰਾਂ ਨੂੰ ਵੀ ਸਹਿਯੋਗ ਦਿੰਦਾ ਹੈ। ਅਜਿਹੀਆਂ ਸਹਿਯੋਗੀ ਆਤਮਾਵਾਂ ਬਾਪ ਨੂੰ ਅਤੇ ਵਿਸ਼ਵ ਨੂੰ ਪ੍ਰਿਯ ਹੋ ਜਾਂਦੀਆਂ ਹਨ।

ਸਲੋਗਨ:- ਅਚਲ ਸਥਿਤੀ ਦੇ ਆਸਣ ਤੇ ਬੈਠਣ ਨਾਲ ਹੀ ਰਾਜ ਦਾ ਸ਼ਿਹਾਸਨ ਮਿਲੇਗਾ।

******